**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ: ਪੀ.ਐਸ.ਬੀ/ਆਈ.ਟੀ/2016/2979 **ਅਤਿ ਜ਼ਰੂਰੀ/ਸਮਾਂ ਬੱਧ** ਮਿਤੀ: 8/11/16

ਸੇਵਾ ਵਿਖੇ,

ਪ੍ਰਿੰਸੀਪਲ,

ਪੰਜਾਬ ਰਾਜ ਅਧੀਨ

ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ,

ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ।

ਵਿਸ਼ਾ: **ਜਨਵਰੀ/ਫਰਵਰੀ 2017 ਵਿੱਚ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ਟੀਚਰ ਟ੍ਰੇਨਿੰਗ ਦੀ ਹੋਣ ਵਾਲੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਜਨਵਰੀ/ਫਰਵਰੀ-2017 ਵਿੱਚ ਹੋਣ ਵਾਲੀ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ਟੀਚਰ ਟ੍ਰੇਨਿੰਗ ਪ੍ਰੀਖਿਆ ਕੇਂਦਰ ਬਣਾਉਣ ਲਈ ਕਾਰਵਾਈ ਤੁਰੰਤ ਆਰੰਭੀ ਜਾਣੀ ਹੈ। ਇਸ ਪੱਤਰ ਰਾਹੀਂ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੱਥੀ ਪ੍ਰੋਫਾਰਮੇ (Excel Format) ਵਿੱਚ ਸੂਚਨਾ ਭਰ ਕੇ ਇਸ ਦੀ ਸਾਫਟ ਕਾਪੀ ਕੇਵਲ ਈ-ਮੇਲ ਐਡਰੈਸ contitipb@gmail.com ਰਾਹੀਂ ਹੀ ਮਿਤੀ 11/11/2016 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਇਸ ਦੀ ਹਾਰਡ ਕਾਪੀ ਵੀ ਮਿਤੀ 18/11/2016 ਤੱਕ ਬੋਰਡ ਦਫਤਰ ਵਿਖੇ ਪੁੱਜਦੀ ਕੀਤੀ ਜਾਵੇ ਜੀ। ਜੇਕਰ ਕਿਸੇ ਸੰਸਥਾ ਵੱਲੋਂ ਮੰਗੀ ਗਈ ਸੂਚਨਾ ਨਿਰਧਾਰਤ ਮਿਤੀ ਤੱਕ ਮੁਹੱਈਆ ਨਹੀਂ ਕਰਵਾਈ ਜਾਂਦੀ ਜਾਂ ਲੇਟ ਭੇਜੀ ਜਾਂਦੀ ਹੈ ਜਾਂ ਸੂਚਨਾ ਗਲਤ ਮੁੱਹਈਆ ਕਰਵਾਈ ਜਾਂਦੀ ਹੈ ਤਾਂ ਉਸ ਸੰਸਥਾ ਨੂੰ ਉਕਤ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਉਣ ਲਈ ਵਿਚਾਰਿਆ ਨਹੀਂ ਜਾਵੇਗਾ। ਜੇਕਰ ਗਲਤ ਸੂਚਨਾ ਮੁਹੱਈਆ ਕਰਵਾਉਣ ਉਪਰੰਤ ਪ੍ਰੀਖਿਆ ਕੇਂਦਰ ਬਣਾਇਆ ਜਾਂਦਾ ਹੈ ਤਾਂ ਧਿਆਨ ਵਿੱਚ ਆਉਣ ਉਪਰੰਤ ਪ੍ਰੀਖਿਆ ਕੇਂਦਰ ਤੁਰੰਤ ਰੱਦ ਕਰ ਦਿੱਤਾ ਜਾਵੇਗਾ ਅਤੇ ਪ੍ਰਬਾਸਕੀ ਕਾਰਵਾਈ ਵੀ ਆਰੰਭੀ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਅਤਿ ਜ਼ਰੂਰੀ ਨੋਟ: ਮੰਗੀ ਗਈ ਸੂਚਨਾ ਮਿਤੀ 11/11/2016 ਤੱਕ ਕੇਵਲ ਈ-ਮੇਲ ਐਡਰੈਸ contitipb@gmail.com ਤੇ ਸਾਫਟ ਕਾਪੀ (ਕੇਵਲ Excel Format ਵਿੱਚ ਹੀ) ਦੇ ਰੂਪ ਵਿੱਚ ਪ੍ਰੋਫਾਰਮੇ ਤੇ ਭਰ ਕੇ ਹੀ ਭੇਜੀ ਜਾਵੇ।**

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)

ਵਾਸਤੇ ਸਕੱਤਰ

ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ

ਉਦਯੋਗਿਕ ਸਿਖਲਾਈ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)

ਵਾਸਤੇ ਸਕੱਤਰ

ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ

ਉਦਯੋਗਿਕ ਸਿਖਲਾਈ ਬੋਰਡ